# ਹਰ ਸਾਲ ਹਜ਼ਾਰਾਂ ਲੋਕਾਂ ਦੀ ਮਦਦ ਕਰਦੇ ਹੋਏ

ਇਸ ਸਾਲ Turning Point ਨਸ਼ੀਲੀਆਂ ਦਵਾਈਆਂ ਅਤੇ ਅਲਕੋਹਲ ਦੀਆਂ ਸਮੱਸਿਆਵਾਂ ਤੋਂ ਮੁਕਤ ਹੋਣ ਵਿਚ ਹਜ਼ਾਰਾਂ ਲੋਕਾਂ ਮਦਦ ਕਰੇਗੀ।

ਅਸੀਂ ਤੁਹਾਡੇ ਜੀਵਨ ਦੇ ਤਿੰਨ ਮੁੱਖ ਖੇਤਰਾਂ ਵਿਚ ਅਮਲੀ ਸਹਾਇਤਾ ਪੇਸ਼ ਕਰਦੇ ਹਾਂ:

**ਤੁਹਾਡੀ ਸਿਹਤ**

ਅਸੀਂ ਨੁਕਸਾਨ ਘੱਟ ਕਰਨ ਲਈ ਵਿਹਾਰਕ ਸਹਾਇਤਾ ਪੇਸ਼ ਕਰਦੇ ਹਾਂ, ਜਿਵੇਂ ਸੂਈ ਦਾ ਵਟਾਂਦਰਾ ਅਤੇ ਲਹੂ ਰਾਹੀਂ ਫੈਲਣ ਵਾਲੇ ਵਾਇਰਸ ਸਬੰਧੀ ਸਹਾਇਤਾ। ਸਾਡੇ ਸੈਸ਼ਨ ਤੁਹਾਡੀ ਪਦਾਰਥਾਂ ਦੀ ਵਰਤੋਂ ਨੂੰ ਨਿਯੰਤ੍ਰਿਤ ਕਰਨ ਅਤੇ ਨਾਲ ਹੀ ਘੱਟ ਕਰਨ ਅਤੇ ਛੱਡ ਦੇਣ ਦੇ ਨਵੇਂ ਤਰੀਕੇ ਸਿਖਾਉਣਗੇ। ਸਾਡੀ ਇੱਕ ਮੈਡੀਕਲ ਟੀਮ ਹੈ ਜੋ ਤੁਹਾਡੀ ਰਿਕਵਰੀ ਵਿਚ ਪੂਰਕ ਸਹਾਇਤਾ ਦੇ ਲਈ ਇਲਾਜ ਅਤੇ ਸਲਾਹ ਮੁਹੱਈਆ ਕਰ ਸਕਦੀ ਹੈ।

**ਤੁਹਾਡੀ ਖੈਰੀਅਤ**

ਰਿਕਵਰੀ ਮੁਸ਼ਕਲ ਲੱਗ ਸਕਦੀ ਹੈ – ਸਾਡੀ ਸੇਵਾ ਇੱਕ ਪੂਰਨ ਵਿਅਕਤੀ ਵਜੋਂ ਤੁਹਾਡੀ ਸਹਾਇਤਾ ਕਰਦੀ ਹੈ ਅਤੇ ਬਦਲਵੀਆਂ ਸਰਗਰਮੀਆਂ, ਵਾਲੰਟੀਅਰ ਵਜੋਂ ਕੰਮ ਕਰਨ ਦੇ ਮੌਕਿਆ, ਨਵੇਂ ਲੋਕਾਂ ਨੂੰ ਮਿਲਣ ਦੇ ਮੌਕਿਆਂ ਅਤੇ ਗੱਲਬਾਤ ਕਰਨ ਲਈ ਸੁਰੱਖਿਅਤ ਥਾਂ ਰਾਹੀਂ ਜ਼ਿੰਦਗੀ ਦਾ ਆਨੰਦ ਦੁਬਾਰਾ ਮਾਣਨ ਵਿਚ ਤੁਹਾਡੀ ਮਦਦ ਕਰਦੀ ਹੈ। ਅਸੀਂ ਉਹਨਾਂ ਦੀ ਵੀ ਸਹਾਇਤਾ ਕਰਦੇ ਹਾਂ ਜਿਨ੍ਹਾਂ ਨੂੰ ਤੁਸੀਂ ਪਿਆਰ ਕਰਦੇ ਹੋ ਜਿਸ ਨਾਲ ਤੁਹਾਡੀ ਰਿਕਵਰੀ ਵਿਚ ਮਦਦ ਮਿਲੇਗੀ, ਅਤੇ ਉਹਨਾਂ ਨੂੰ ਵੀ ਤੁਹਾਨੂੰ ਜ਼ਿਆਦਾ ਚੰਗੀ ਤਰ੍ਹਾਂ ਸਮਝਣ ਅਤੇ ਤੁਹਾਡੇ ਨਾਲ ਨਾਲ ਖੁਦ ਸਿੱਖਣ ਵਿਚ ਮਦਦ ਮਿਲੇਗੀ।

**ਤੁਹਾਡਾ ਭਵਿੱਖ**

ਤੁਹਾਡੇ ਭਵਿੱਖ ਵਿਚ ਸਮਰਥਨ ਦੇਣ ਲਈ ਅਸੀਂ ਸਥਾਨਕ ਏਜੰਸੀਆਂ ਦੇ ਨਾਲ ਭਾਈਵਾਲੀ ਵਿਚ ਕੰਮ ਕਰਦੇ ਹਾਂ। ਜੀਵਨ ਸਬੰਧੀ ਮਹਾਰਤਾਂ, ਰਿਹਾਇਸ਼, ਸਿੱਖਿਆ, ਰੁਜ਼ਗਾਰ ਅਤੇ ਸ਼ੌਕਾਂ ਸਬੰਧੀ ਮਦਦ ਲਈ ਸਹਾਇਤਾ ਉਪਲਬਧ ਹੈ।


**Slough Treatment, Advice and Recovery Team (START)**

Elliman Resource Centre, 27 Pursers Court,
Off Elliman Avenue, Slough, SL2 5DL

ਟੈਲੀਫੋਨ: 01753 692548
ਈਮੇਲ: START@turning-point.co.uk
ਵੈੱਬਸਾਈਟ: wellbeing.turning-point.co.uk/slough


## ਅਸੀਂ ਪੂਰੇ ਸਲੌਹ ਵਿਚ ਕਈ ਸਹਾਇਕ ਥਾਂਵਾਂ ਚਲਾਉਂਦੇ ਹਾਂ

ਸਾਡੀ ਸੇਵਾ ਦੂਜੀਆਂ ਏਜੰਸੀਆਂ ਨਾਲ ਭਾਈਵਾਲੀ ਵਿਚ ਚਲਦੀ ਹੈ ਤਾਂ ਜੋ ਯਕੀਨੀ ਬਣਾਇਆ ਜਾ ਸਕੇ ਕਿ ਸਾਡੀ ਸੇਵਾ ਤੁਹਾਡੀ ਰਿਕਵਰੀ ਵਿਚ ਸਹਾਇਤਾ ਕਰੇ। ਅਸੀਂ ਜਾਣਦੇ ਹਾਂ ਕਿ ਡਰੱਗ ਜਾਂ ਅਲਕੋਹਲ ਦੀ ਦੁਰਵਰਤੋਂ ਤੁਹਾਡੇ ਜੀਵਨ ਦੇ ਸਾਰੇ ਪੱਖਾਂ ਤੇ ਅਸਰ ਪਾ ਸਕਦੀ ਹੈ। ਗੂੜ੍ਹੇ ਭਾਈਚਾਰਕ ਸਬੰਧਾਂ ਦੇ ਨਾਲ ਸਾਡੀ ਏਕੀਕ੍ਰਿਤ ਸੇਵਾ ਤੁਹਾਡੇ ਲਈ ਸਹੀ ਸਮੇਂ ਤੇ ਉਹ ਸਹਾਇਤਾ ਪ੍ਰਦਾਨ ਕਰਦੀ ਹੈ ਜਿਸਦੀ ਤੁਹਾਨੂੰ ਲੋੜ ਹੁੰਦੀ ਹੈ।

**ਹੋਰ ਜਾਣਕਾਰੀ ਲਈ ਰਿਕਵਰੀ ਕਲਾਉਡ ਤੇ ਜਾਉ**
Wellbeing.turning-point.co.uk/Slough

TURNING POINT
Inspired by possibility

# ਸਲੌਹ ਇਲਾਜ, ਸਲਾਹ ਅਤੇ ਰਿਕਵਰੀ ਟੀਮ

**START ਨਿਯੰਤ੍ਰਣ ਆਪਣੇ ਹੱਥ ਵਿਚ ਲਵੇਗੀ**



TURNING POINT
Inspired by possibility

# START ਇੱਥੇ ਹੈ!

ਸਲੋਂ ਇਲਾਜ, ਸਲਾਹ ਅਤੇ ਰਿਕਵਰੀ ਟੀਮ (Slough Treatment, Advice and Recovery Team) (START) ਤੁਹਾਡੀ ਸਥਾਨਕ ਡਰੱਗ ਅਤੇ ਅਲਕੋਹਲ ਸੇਵਾ ਹੈ। ਅਸੀਂ ਕਿਸੇ ਵੀ ਅਜਿਹੇ ਵਿਅਕਤੀ ਲਈ ਇੱਕ ਮੁਫਤ, ਗੁਪਤ ਸੇਵਾ ਦਿੰਦੇ ਹਾਂ ਜੋ ਆਪਣੀ ਜਾਂ ਕਿਸੇ ਹੋਰ ਦੁਆਰਾ ਪਦਾਰਥਾਂ ਦੀ ਵਰਤੋਂ ਬਾਰੇ ਚਿੰਤਤ ਹੈ। ਤੁਹਾਨੂੰ ਤੀਬਰ ਸਹਾਇਤਾ ਦੀ ਲੋੜ ਹੋਵੇ ਜਾਂ ਸਿਰਫ ਛੋਟੀ ਜਿਹੀ ਸਲਾਹ ਦੀ, ਅਸੀਂ ਉਹ ਤਬਦੀਲੀਆਂ ਲਿਆਉਣ ਵਿਚ ਤੁਹਾਡੀ ਮਦਦ ਕਰਾਂਗੇ ਜੋ ਤੁਸੀਂ ਲਿਆਉਣਾ ਚਾਹੁੰਦੇ ਹੋ।

## ਹੁਣ ਕੀ ਕੀਤਾ ਜਾਏ

ਇਸ ਸੇਵਾ ਤਕ ਪਹੁੰਚਣ ਦਾ ਸਭ ਤੋਂ ਤੇਜ਼ ਅਤੇ ਆਸਾਨ ਤਰੀਕਾ ਹੈ wellbeing.turning-point.co.uk/slough ਵਿਖੇ ਇੱਕ ਔਨਲਾਈਨ ਰੈਫਰਲ ਅਤੇ ਮੁਲਾਂਕਣ ਫਾਰਮ ਭਰਨਾ।

ਇਸਦੇ ਮਿਲਣ ਤੇ ਸਾਡਾ ਇੱਕ ਰਿਕਵਰੀ ਵਰਕਰ ਤੁਹਾਨੂੰ ਮਿਲੇਗਾ ਅਤੇ ਤੁਹਾਡੇ ਲਈ ਸਭ ਤੋਂ ਉਚਿਤ ਸਹਾਇਤਾ ਬਾਰੇ ਤੁਹਾਡੇ ਨਾਲ ਗੱਲ ਕਰੇਗਾ।

ਤੁਸੀਂ ਸਾਨੂੰ 01753 692548 ਤੇ ਕਾਲ ਕਰਕੇ ਵੀ ਇੱਕ ਰੈਫਰਲ ਦੇ ਸਕਦੇ ਹੋ।

## ਅਸੀਂ ਕੀ ਪੇਸ਼ ਕਰਦੇ ਹਾਂ

ਸਾਡੇ ਕੋਲ ਇਲਾਜ ਦੇ ਬਹੁਤ ਸਾਰੇ ਵਿਕਲਪ ਹਨ ਜਿਨ੍ਹਾਂ ਵਿਚ ਅਸੀਂ ਤੁਹਾਡੀਆਂ ਲੋੜਾਂ ਮੁਤਾਬਕ ਤਬਦੀਲੀਆਂ ਕਰ ਸਕਦੇ ਹਾਂ। ਇਹਨਾਂ ਵਿਚ ਸ਼ਾਮਿਲ ਹਨ:

- ਆਮ੍ਹੋ-ਸਾਮ੍ਹਣੇ ਵਾਲੀ ਜਾਂ ਔਨਲਾਈਨ ਰੈਫਰਲ ਅਤੇ ਮੁਲਾਂਕਣ ਦੀ ਆਸਾਨ ਪ੍ਰਕਿਰਿਆ
- ਲਗਾਤਾਰ ਸਹਾਇਤਾ ਅਤੇ ਪ੍ਰੋਤਸਾਹਨ ਮੁਹੱਈਆ ਕਰਨ ਲਈ ਮਨੋਨੀਤ ਵਰਕਰ
- ਮੁਫਤ 24/7 ਉਪਲਬਧ ਔਨਲਾਈਨ ਵਸੀਲਿਆਂ ਤਕ ਪਹੁੰਚ
- ਸਲਾਹ ਅਤੇ ਜਾਣਕਾਰੀ
- ਸਮੂਹਕ ਕੰਮ ਦੇ ਸੈਸ਼ਨ
- ਹਮਉਮਰ ਸਾਥੀਆਂ ਵੱਲੋਂ ਸਹਾਇਤਾ
- ਦੁਬਾਰਾ ਵਿਗਾੜ ਦੀ ਰੋਕਥਾਮ
- ਨੁਕਸਾਨ ਘੱਟ ਕਰਨਾ
- ਸੂਈ ਦਾ ਵਟਾਂਦਰਾ
- ਦਵਾਈ ਦੀ ਬਦਲਵੀਂ ਪਰਚੀ ਤਕ ਪਹੁੰਚ
- ਹਮਉਮਰ ਸਾਥੀਆਂ ਦੁਆਰਾ ਸਲਾਹ ਅਤੇ ਵਾਲੰਟੀਅਰ ਵਜੋਂ ਕੰਮ ਕਰਨ ਦੇ ਮੌਕੇ

ਅਸੀਂ ਸਮਝਦੇ ਹਾਂ ਕਿ ਡਰੱਗ ਅਤੇ ਅਲਕੋਹਲ ਨੂੰ ਛੱਡਣਾ ਮੁਸ਼ਕਲ ਅਤੇ ਡਰਾਵਨਾ ਹੋ ਸਕਦਾ ਹੈ। START ਵਿੱਖੇ ਸਾਡੀ ਟੀਮ ਇਸ ਰਾਹ ਤੇ ਤੁਹਾਡੇ ਹਰ ਕਦਮ ਲਈ ਤੁਹਾਨੂੰ ਸਹਾਰਾ ਦੇਵੇਗੀ ਤਾਂ ਜੋ ਇਹ ਪ੍ਰਕਿਰਿਆ ਤੁਹਾਨੂੰ ਘੱਟ ਡਰਾਵਨੀ ਲੱਗੇ।

## ਅਕਸਰ ਪੁੱਛੇ ਜਾਣ ਵਾਲੇ ਸਵਾਲ

**ਮੈਂ ਫੁੱਲ-ਟਾਈਮ ਕੰਮ ਕਰਦਾ(ਦੀ) ਹਾਂ/ਮੈਂ ਇੱਕ ਮਾਤਾ/ਪਿਤਾ ਹਾਂ – ਕੀ ਮੇਰੇ ਲਈ ਕੋਈ ਸੇਵਾ ਉਪਲਬਧ ਹੈ?**
ਅਸੀਂ ਹਰ ਰੋਜ਼ ਸਵੇਰੇ 10 ਵਜੇ ਕੰਮ ਸ਼ੁਰੂ ਕਰਦੇ ਹਾਂ ਅਤੇ ਹਫਤੇ ਵਿਚ ਦੋ ਸ਼ਾਮਾਂ ਨੂੰ 8 ਵਜੇ ਤਕ ਕੰਮ ਕਰਦੇ ਹਾਂ, ਅਤੇ ਸ਼ਨੀਵਾਰ ਨੂੰ ਸਵੇਰੇ 11 ਵਜੇ ਤੋਂ ਸ਼ਾਮ 3 ਵਜੇ ਤਕ ਕੰਮ ਕਰਦੇ ਹਾਂ। ਜੇ ਤੁਸੀਂ ਵਿਅਸਤ ਹੋ ਅਤੇ ਤੁਹਾਨੂੰ ਆਪਣੀਆਂ ਅਪਾਇੰਟਮੈਂਟਾਂ ਲਈ ਖਾਸ ਸਮਿਆਂ ਤੇ ਚਾਹੀਦੀਆਂ ਹਨ ਤਾਂ ਅਸੀਂ ਤੁਹਾਡੇ ਨਾਲ ਇਸ ਤਰ੍ਹਾਂ ਕੰਮ ਕਰਾਂਗੇ ਕਿ ਸਾਡੀ ਸੇਵਾ ਤੁਹਾਡੀ ਲੋੜ ਮੁਤਾਬਕ ਫਿਟ ਹੋਵੇ।

**ਕੀ ਮੇਰੇ ਕੰਮ ਵਾਲੀ ਥਾਂ ਤੇ ਜਾਂ ਮੇਰੇ ਪਰਿਵਾਰ ਜਾਂ ਗੁਆਂਢੀਆਂ ਨੂੰ ਪਤਾ ਲੱਗੇਗਾ ਕਿ ਮੈਂ ਤੁਹਾਡੀ ਸੇਵਾ ਦੀ ਵਰਤੋਂ ਕਰ ਰਿਹਾ/ਰਹੀ ਹਾਂ?**
ਤੁਹਾਡੀ ਸਾਰੀ ਜਾਣਕਾਰੀ ਨੂੰ ਸੁਰੱਖਿਅਤ ਰੱਖਿਆ ਜਾਂਦਾ ਹੈ, ਅਤੇ ਤੁਹਾਡੀ ਸਪਸ਼ਟ ਸਹਿਮਤੀ ਦੇ ਬਿਨਾਂ ਇਸਨੂੰ ਸਾਡੀ ਸੰਸਥਾ ਦੇ ਬਾਹਰ ਕਿਸੇ ਨਾਲ ਵੀ ਸਾਂਝਾ ਨਹੀਂ ਕੀਤਾ ਜਾਏਗਾ। ਅਜਿਹੀ ਸਹਿਮਤੀ ਦੇ ਬਿਨਾਂ ਸਾਡੇ ਲਈ ਦੂਜੇ ਪੇਸ਼ੇਵਰਾਂ ਨਾਲ ਇਸ ਜਾਣਕਾਰੀ ਨੂੰ ਸਾਂਝਾ ਕਰਨਾ ਤਾਂ ਹੀ ਜ਼ਰੂਰੀ ਹੋਵੇਗਾ ਜੇ ਤੁਹਾਨੂੰ ਜਾਂ ਕਿਸੇ ਹੋਰ ਵਿਅਕਤੀ ਨੂੰ ਕੋਈ ਗੰਭੀਰ ਖਤਰਾ ਹੋਵੇ।

**ਮੈਨੂੰ ਪੱਕਾ ਪਤਾ ਨਹੀਂ ਹੈ ਕਿ ਮੈਨੂੰ ਸਮੱਸਿਆ ਹੈ ਜਾਂ ਨਹੀਂ – ਕੀ ਮੈਂ ਤੁਹਾਡਾ ਸਮਾਂ ਜ਼ਾਇਆ ਕਰਾਂਗਾ/ਕਰਾਂਗੀ?**
ਨਹੀਂ! ਸਾਡੇ ਸਟਾਫ ਕੋਲ ਅਜਿਹੇ ਲੋਕਾਂ ਦੀ ਸਹਾਇਤਾ ਕਰਨ ਦਾ ਕਾਫੀ ਤਜਰਬਾ ਹੈ ਜੋ ਇਹ ਫੈਸਲਾ ਕਰਨਾ ਚਾਹੁੰਦੇ ਹਨ ਕਿ ਉਹ ਕਿਹੜੀਆਂ ਤਬਦੀਲੀਆਂ ਲਿਆ ਸਕਦੇ ਹਨ। ਕੁਝ ਲੋਕਾਂ ਨਾਲ ਅਸੀਂ ਲੰਮੇ ਅਰਸੇ ਲਈ ਕੰਮ ਕਰਦੇ ਹਾਂ ਜਦ ਕਿ ਦੂਜਿਆਂ ਨੂੰ ਥੋੜ੍ਹੇ ਜਿਹੇ ਸਮੇਂ ਲਈ ਸਹਾਇਤਾ ਦੀ ਲੋੜ ਹੋ ਸਕਦੀ ਹੈ। ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਤੁਸੀ ਕਿਸ ਚੀਜ਼ ਦੀ ਵਰਤੋਂ ਕਰ ਰਹੇ ਹੋ ਅਤੇ ਕਿੰਨੀ ਕਰ ਰਹੇ ਹੋ। ਅਸੀਂ ਤੁਹਾਡੀ ਸਹਾਇਤਾ ਕਰਾਂਗੇ। ਇਹ ਤੁਹਾਡੀ ਰਿਕਵਰੀ ਹੈ।

**ਮੈਂ ਕਿਸੇ ਅਜਿਹੇ ਵਿਅਕਤੀ ਨੂੰ ਜਾਣਦਾ/ਦੀ ਹਾਂ ਜਿਸ ਨੂੰ ਇਹ ਸਮੱਸਿਆ ਹੈ।– ਕੀ ਮੈਂ ਉਸਨੂੰ ਰੈਫਰ ਕਰ ਸਕਦਾ/ਦੀ ਹਾਂ?**
ਇਹ ਬਹੁਤ ਵਧੀਆ ਗੱਲ ਹੈ ਕਿ ਤੁਸੀਂ ਦੇਖ ਸਕਦੇ ਹੋ ਕਿ ਸਾਡੀ ਸੇਵਾ ਉਸ ਵਿਅਕਤੀ ਦੀ ਸਹਾਇਤਾ ਕਰ ਸਕਦੀ ਹੈ – ਪਰ ਉਸ ਵਿਅਕਤੀ ਨੂੰ ਰੈਫਰਲ ਦੇ ਬਾਰੇ ਪਤਾ ਹੋਣਾ ਚਾਹੀਦਾ ਹੈ ਕਿਉਂਕਿ ਰਿਕਵਰੀ ਤਾਂ ਉਸਦੀ ਹੋਣੀ ਹੈ। ਉਸ ਵਿਅਕਤੀ ਨੂੰ ਸਹਾਰਾ ਦੇਣ ਲਈ ਤੁਸੀਂ ਉਸਦੇ ਨਾਲ ਆ ਸਕਦੇ ਹੋ। ਅਸੀਂ ਸਮਝਦੇ ਹਾਂ ਕਿ ਡਰੱਗਸ ਅਤੇ ਅਲਕੋਹਲ ਦੀ ਵਰਤੋਂ ਦਾ ਅਸਰ ਦੋਸਤਾਂ ਅਤੇ ਪਰਿਵਾਰ ਤੇ ਵੀ ਪੈ ਸਕਦਾ ਹੈ – ਅਸੀਂ ਪਰਿਵਾਰ ਦੇ ਮੈਂਬਰਾਂ ਨੂੰ ਸਲਾਹ ਅਤੇ ਜਾਣਕਾਰੀ ਦੇ ਸਕਦੇ ਹਾਂ ਤਾਂ ਜੋ ਤੁਸੀਂ ਉਹਨਾਂ ਸਮੱਸਿਆਵਾਂ ਨੂੰ ਜ਼ਿਆਦਾ ਚੰਗੀ ਤਰ੍ਹਾਂ ਸਮਝ ਸਕੋ ਜੋ ਤੁਹਾਡੇ ਸਾਮ੍ਹਣੇ ਖੜ੍ਹੀਆਂ ਹਨ। ਅਸੀਂ ਪਰਿਵਾਰ ਅਤੇ ਦੇਖਭਾਲਕਰਤਾ ਦੀ ਸਹਾਇਤਾ ਕਰਨ ਵਾਲੀਆਂ ਵਿਸ਼ੇਸ਼ੱਗ ਸੇਵਾਵਾਂ ਤਕ ਪਹੁੰਚਣ ਵਿਚ ਵੀ ਤੁਹਾਡੀ ਮਦਦ ਕਰ ਸਕਦੇ ਹਾਂ।

**ਮੈਨੂੰ ਅਸਲ ਵਿਚ ਅੰਦਰ ਆਉਣ ਬਾਰੇ ਘਬਰਾਹਟ ਹੁੰਦੀ ਹੈ**
ਤੁਸੀਂ ਇਕੱਲੇ ਨਹੀਂ ਹੋ – ਬਹੁਤ ਸਾਰੇ ਲੋਕ ਆਪਣੀ ਪਹਿਲੀ ਮੁਲਾਕਾਤ ਤੋਂ ਪਹਿਲਾਂ ਘਬਰਾਹਟ ਮਹਿਸੂਸ ਕਰਦੇ ਹਨ। ਸਾਡੀ ਟੀਮ ਇੱਕ ਸੁਆਗਤ ਕਰਨ ਵਾਲਾ ਅਤੇ ਤਣਾਉ-ਰਹਿਤ ਮਾਹੌਲ ਪੈਦਾ ਕਰਦੀ ਹੈ ਅਤੇ ਸਾਡੇ ਕੋਲ ਵਿਸ਼ੇਸ਼ ਤੌਰ ਤੇ ਸਿਖਲਾਈ-ਪ੍ਰਾਪਤ ਤੁਹਾਡੇ ਹਮ-ਉਮਰ ਸਲਾਹਕਾਰ ਅਤੇ ਵਾਲੰਟੀਅਰ ਹਨ ਜੋ ਪਹਿਲੀ ਵਾਰ ਆਉਣ ਵਾਲੇ ਕਿਸੇ ਵੀ ਵਿਅਕਤੀ ਨੂੰ ਸਹਾਰਾ ਦੇ ਸਕਦੇ ਹਨ। ਜੇ ਤੁਸੀਂ ਚਾਹੁੰਦੇ ਹੋ ਕਿ ਅਸੀਂ ਪਹਿਲੀ ਵਾਰ ਤੁਹਾਡੇ ਨਾਲ ਆਉਣ ਲਈ ਕਿਸੇ ਵਿਅਕਤੀ ਦਾ ਪ੍ਰਬੰਧ ਕਰੀਏ ਤਾਂ ਸਾਡੇ ਨਾਲ ਗੱਲ ਕਰੋ।